**ਐਨ ਐਚ ਐਸ ਫੋਰਥ ਵੈਲੀ**

# ਬਰਾਬਰੀ ਅਤੇ ਭਿੰਨਤਾ ਨਿਰੀਖਣ

## ਤੁਹਾਡੀ ਮਦਦ ਕਰਨ ਲਈ ਸਾਡੀ ਮਦਦ

"ਅਸੀਂ ਸਾਰੇ ਬਰਾਬਰੀ ਨੂੰ ਮਹੱਤਵ ਦਿੰਦੇ ਹਾਂ ਅਤੇ ਇਸ ਦਾ ਮਤਲਬ ਹੈ ਇਹ ਯਕੀਨੀ ਬਨਾਉਣਾ ਕਿ ਸਭ ਨੂੰ ਮਿਲਣ ਵਾਲਾ ਇਲਾਜ ਉਚਿਤ, ਲੋਕਾਂ ਦੀਆਂ ਜ਼ਰੂਰਤਾਂ ਦੇ ਮੁਤਾਬਿਕ ਅਤੇ ਜਾਇਜ਼ ਹੋਵੇ"।

## ਬਰਾਬਰੀ ਨਿਰੀਖਣ ਕੀ ਹੈ?

ਬਰਾਬਰੀ ਨਿਰੀਖਣ ਇੱਕ ਕਾਰਵਾਈ ਹੈ ਜਿਸ ਨਾਲ ਉਹਨਾਂ ਲੋਕਾਂ ਬਾਰੇ ਅੰਕੜੇ ਇੱਕਠੇ ਕੀਤੇ, ਰੱਖੇ ਅਤੇ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਜਿਹੜੇ ਸਾਡੀਆਂ ਸੇਵਾਵਾਂ ਦੀ ਵਰਤੋਂ ਕਰਦੇ ਹਨ।

ਇਸ ਵਿੱਚ ਬਰਾਬਰੀ ਦੇ ਕਈ ਪ੍ਰਕਾਰ ਦੇ ਗਰੁੱਪ ਹਨ, ਇਹਨਾਂ ਨੂੰ ਹੁਣ 'ਸੁਰੱਖਿਅਤ ਵਿਸ਼ੇਸ਼ਤਾ' ਕਿਹਾ ਜਾਂਦਾ ਹੈ। ਇਹ ਹਨ; ਉਮਰ, ਅਸਮਰਥਾ, ਜਾਤੀ, ਲਿੰਗ/ਜਿਨਸ, ਸ਼ਾਦੀ ਅਤੇ ਸਿਵਲ ਪਾਰਟਨਰਸ਼ਿਪ, ਗਰਭ ਅਤੇ ਪ੍ਰਸੂਤਾ, ਧਰਮ/ਮਾਨਤਾ, ਲਿੰਗੀ ਦਿਸ਼ਾ ਸਥਿਤੀ, ਟਰਾਂਸਜੈਂਡਰ (ਜਨਮ ਤੋਂ ਵਿਪਰੀਤ ਲਿੰਗ) ਦੀ ਪਹਿਚਾਣ।

ਇਸ ਨਾਲ ਅਸੀਂ ਬਰਾਬਰੀ ਦੇ ਫ਼ਰਜ਼ 2010 ਦੇ ਮੁਤਾਬਿਕ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਾਂ ਜਿਸ ਵਿੱਚ ਸਾਨੂੰ ਇਹ ਵਿਖਾਉਣਾ ਪੈਂਦਾ ਹੈ ਕਿ ਅਸੀਂ ਕਿਵੇਂ;

- ਗੈਰਕਨੂੰਨੀ ਭੇਦ-ਭਾਵ, ਤੰਗ ਕਰਨ ਅਤੇ ਸ਼ੋਸ਼ਣ ਨੂੰ ਦੂਰ ਕਰ ਰਹੇ ਹਾਂ,
- ਮੌਕੇ ਦੀ ਬਰਾਬਰੀ ਨੂੰ ਅੱਗੇ ਵਧਾਉਂਦੇ ਹਾਂ,
- ਅਲੱਗ ਅਲੱਗ ਗਰੁੱਪਾਂ ਵਿੱਚ ਚੰਗੇ ਰਿਸ਼ਤੇ ਨੂੰ ਵਧਾਉਂਦੇ ਹਾਂ

## ਅਸੀਂ ਬਰਾਬਰੀ ਬਾਰੇ ਤੁਹਾਡੀ ਜਾਣਕਾਰੀ ਦਾ ਕਿਵੇਂ ਇਸਤੇਮਾਲ ਕਰਦੇ ਹਾਂ?

ਇਸ ਜਾਣਕਾਰੀ ਨਾਲ ਸਾਨੂੰ ਮਦਦ ਮਿਲਦੀ ਹੈ:

- ਇਹ ਸਮਝਣ ਵਿੱਚ ਕਿ ਸਾਡੀਆਂ ਸੇਵਾਵਾਂ ਦੀ ਵਰਤੋਂ ਕੌਣ ਕਰਦੇ ਹਨ ਜਾਂ ਸਾਡੇ ਕਮਿਊਨਿਟੀ ਕਾਰਜਕ੍ਰਮਾਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਜੇ ਇਹ ਸਾਡੇ ਖੇਤਰ ਦਾ ਪ੍ਰਤੀਨਿਧ ਕਰਦੇ ਹਨ।
- ਇਹ ਯਕੀਨੀ ਬਨਾਉਣ ਵਿੱਚ ਕਿ ਜੋ ਲੋਕ ਸਾਡੀਆਂ ਸੇਵਾਵਾਂ ਦਾ ਇਸਤੇਮਾਲ ਕਰਦੇ ਹਨ ਅਸੀਂ ਉਹਨਾਂ ਨੂੰ ਜਾਇਜ਼ ਅਤੇ ਬਰਾਬਰ ਪਹੁੰਚ ਉਪਲਬਧ ਕਰਾਉਂਦੇ ਹਾਂ।
- ਇਹ ਦੇਖਦੇ ਹਾਂ ਕਿ ਜੇ ਅਲੱਗ ਅਲੱਗ ਗਰੁੱਪਾਂ ਦੇ ਅਨੁਭਵਾਂ ਵਿੱਚ ਕੋਈ ਫਰਕ ਹੈ ਅਤੇ ਜੇ ਲੋੜ ਹੋਵੇ ਤਾਂ ਅਨਿੱਆ ਅਤੇ ਕਿਸੇ ਕਸਰ ਨੂੰ ਦੂਰ ਕਰਨ ਲਈ ਕੰਮ ਕਰੀਏ।
- ਅਸੀਂ ਸਾਡੀਆਂ ਮੌਜੂਦਾ ਸੇਵਾਵਾਂ, ਨੀਤੀਆਂ ਦੀ ਸਮੀਖਿਆ ਕਰਨ ਵੇਲੇ ਜਾਂ ਭਵਿੱਖ ਲਈ ਸੇਵਾਵਾਂ ਦੀ ਯੋਜਨਾ ਬਨਾਉਣ ਵੇਲੇ ਬਰਾਬਰੀ ਦੇ ਅੰਕੜਿਆਂ ਦੀ ਵਰਤੋਂ ਸਾਡੀ ਮਦਦ ਲਈ ਕਰਦੇ ਹਾਂ।

## ਅਸੀਂ ਕਿਸ ਤਰ੍ਹਾਂ ਨਿਰੀਖਣ ਕਰਾਂਗੇ?

ਅਸੀਂ  ਐਨ ਐਚ ਐਸ ਸਕੌਟਲੈਂਡ ਵਿੱਚ ਰਾਸ਼ਟਰੀ ਤੌਰ ਤੇ ਵਿਕਸਤ ਕੀਤੀ ਗਈ ਅਤੇ ਮੰਨੀ ਗਈ ਬਰਾਬਰੀ ਨਿਰੀਖਣ ਦੀ ਕਸੌਟੀ ਦਾ ਇਸਤੇਮਾਲ ਕਰਦੇ ਹਾਂ। ਇਹ ਫਾਰਮ ਅਗਿਆਤ ਹਨ।

ਤੁਹਾਨੂੰ ਇੱਕ ਭਰਣ ਲਈ ਦਿੱਤਾ ਜਾ ਸਕਦਾ ਹੈ ਉਦਾਹਰਣ ਦੇ ਤੌਰ ਤੇ ਸਾਡੇ ਇਕ ਪਬਲਿਕ ਕਾਰਜਕ੍ਰਮ ਵਿੱਚ ਹਾਜ਼ਰ ਹੋਣ ਵੇਲੇ ਜਾਂ ਐਨ ਐਚ ਐਸ ਫੋਰਥ ਵੈਲੀ ਸਰਵਿਸ ਵਿਕਾਸ ਦੇ ਸਵਾਲਨਾਮੇ ਦੇ ਹਿੱਸੇ ਦੇ ਤੌਰ ਤੇ।

## ਕੀ ਤੁਹਾਨੂੰ ਸਵਾਲਾਂ ਦੇ ਜਵਾਬ ਦੇਣੇ ਪੈਣੇ ਹਨ?

ਜੇ ਤੁਸੀਂ ਕਿਸੇ ਸਵਾਲ ਦਾ ਜਵਾਬ ਨਹੀਂ ਦੇਣਾ ਚਾਹੁੰਦੇ ਤਾਂ ਤੁਹਾਨੂੰ ਇਹ ਕਹਿਣ ਦਾ ਹੱਕ ਹੈ ਕਿ '**ਜਵਾਬ ਦੇਣਾ ਲਈ ਚਾਹੁੰਦੇ**'।

## ਬਰਾਬਰੀ ਦਾ ਰੇਖਾ ਚਿੱਤਰ ਕੀ ਹੈ?

ਅਸੀਂ 'ਲੋਕਾਂ ਦੀਆਂ ਜ਼ਰੂਰਤਾਂ ਦੇ ਮੁਤਾਬਿਕ ਦੇਖਭਾਲ' ਦੇਣ ਲਈ ਵਚਨਬੱਧ ਹਾਂ, ਇਸ ਲਈ ਤੁਸੀਂ ਸਾਨੂੰ ਜੋ ਬਰਾਬਰੀ ਬਾਰੇ ਜਾਣਕਾਰੀ ਦਿੰਦੇ ਹੋ ਉਸ ਨਾਲ ਸਾਡੇ ਸਟਾਫ ਨੂੰ ਤੁਹਾਡੀਆਂ ਨਿਜੀ ਜ਼ਰੂਰਤਾਂ ਅਤੇ ਪ੍ਰਾਥਮਿਕਤਾਵਾਂ ਦੇ ਮੁਤਾਬਕ ਸੇਵਾਵਾਂ ਦੇਣ ਵਿੱਚ ਮਦਦ ਮਿਲਦੀ ਹੈ।

ਉਦਾਹਰਣ ਦੇ ਤੌਰ ਤੇ ਇਹ ਹੋ ਸਕਦੀਆਂ ਹਨ, ਤੁਹਾਡੀਆਂ ਪਹੁੰਚ ਦੀਆਂ ਜ਼ਰੂਰਤਾਂ, ਤੁਹਾਡੇ ਪਾਰਟਨਰ ਦਾ ਵੇਰਵਾ, ਤੁਹਾਡਾ ਖਾਣਾ, ਸੱਭਿਅਤਾ, ਧਰਮ/ਮਾਨਤਾ ਜਾਂ ਅਧਿਆਤਮਿਕ ਦੇਖਭਾਲ, ਭਾਸ਼ਾ ਅਤੇ ਵਿਚਾਰ-ਵਟਾਂਦਰੇ ਲਈ ਮਦਦ ਦੀਆਂ ਜ਼ਰੂਰਤਾਂ, ਅਸਰਥਾ ਜਾਂ ਤੁਸੀਂ ਕਿਸ ਤਰ੍ਹਾਂ ਚਾਹੁੰਦੇ ਹੋ ਕਿ ਅਸੀਂ ਤੁਹਾਨੂੰ ਸੰਪਰਕ ਕਰੀਏ।

## ਜਦੋਂ ਤੁਸੀਂ ਅਗਲੀ ਵਾਰ ਹਸਪਤਾਲ ਆਓਗੇ ਤਾਂ ਤੁਹਾਨੂੰ ਹੋਰ ਫਾਰਮ ਭਰਨਾ ਪਵੇਗਾ?

ਤੁਹਾਨੂੰ ਇੱਕ ਵਾਰੀ ਹੀ ਪੁੱਛਿਆ ਜਾਣਾ ਚਾਹੀਦਾ ਹੈ, ਪਰ ਅਦੀਂ ਕਈ ਮੌਕਿਆਂ ਤੇ ਤੁਹਾਨੂੰ ਪੁੱਛ ਸਕਦੇ ਹਾਂ ਕਿ ਸਾਡੇ ਕੋਲ ਤੁਹਾਡੇ ਬਾਰੇ ਹੋ ਵੇਰਵਾ ਹੈ ਉਹ ਸਹੀ ਹੈ।

## ਕੀ ਇਸ ਕਿਸੇ ਜਾਣਕਾਰੀ ਨਾਲ ਕੋਈ ਫਰਕ ਪਵੇਗਾ?

ਜੀ ਹਾਂ! ਬਰਾਬਰੀ ਦੇ ਨਿਰੀਖਣ ਦੇ ਤੌਰ ਤੇ ਜਾਂ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਇਹ ਜਾਣਕਾਰੀ ਦੇਣ ਨਾਲ, ਸਾਨੂੰ ਮੌਜੂਦਾ ਅਤੇ ਭਵਿੱਖ ਦੀਆਂ ਸੇਵਾਵਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲੇਗੀ।

## ਜੇ ਤੁਹਾਨੂੰ ਕੋਈ ਤੁਹਾਡੀ ਸੁਰੱਖਿਅਤ ਵਿਸ਼ੇਸ਼ਤਾ ਜਾਂ ਬਰਾਬਰੀ ਦੇ ਰੇਖਾ ਚਿੱਤਰ ਬਾਰੇ ਨਾ ਪੁੱਛੋ?

ਕਿਰਪਾ ਕਰਕੇ ਤੁਹਾਡੀ ਜੀ ਪੀ ਪਰੈਕਟਿਸ ਦੇ ਰਿਸੈਪਸ਼ਨ ਸਟਾਫ ਜਾਂ ਤੁਹਾਡੀ ਹਸਪਤਾਲ ਦੀ ਅਪਾਇੰਟਮੈਂਟ ਦੇ ਦੌਰਾਨ ਤੁਹਾਡੇ ਰਿਕਾਰਡ ਨੂੰ ਸਹੀ ਕਰਨ ਲਈ ਕਹਿਣ ਲਈ ਸੰਕੋਚ ਨਾ ਕਰੋ।

## ਗੁਪਤਤਾ ਅਤੇ ਅੰਕੜਿਆਂ ਦੀ ਸੁਰੱਖਿਆ

ਮਰੀਜ਼ਾਂ ਦੇ ਰਿਕਾਰਡਾਂ ਦੀ ਗੁਪਤਤਾ ਬਾਰੇ ਸਾਡੇ ਸਖ਼ਤ ਨਿਯਮ ਹਨ। ਤੁਸੀਂ ਜੋ ਵੀ ਜਾਣਕਾਰੀ ਦੇਵੋਗੇ ਉਹ ਗੁਪਤ ਅਤੇ ਡੇਟਾ ਪ੍ਰੋਟੈਕਸ਼ਨ ਐਕਟ (ਅੰਕੜਿਆਂ ਦੀ ਸੁਰੱਖਿਆ ਦੇ ਕਨੂੰਨ) ਦੀਆਂ ਸ਼ਰਤਾਂ ਦੇ ਮੁਤਾਬਿਕ ਰੱਖੀ ਜਾਵੇਗੀ।

## ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਇਹਨਾਂ ਨੂੰ ਸੰਪਕਰ ਕਰੋ:

ਲਿਨ ਵੈਡਲ, ਇਕੁਆਲਿਟੀ (ਬਰਾਬਰੀ) ਮੈਨੇਜਰ ਅਤੇ ਜੈਂਡਰ ਬੇਸਡ ਵਾਇਲੈਂਸ (ਲਿੰਗ ਤੇ ਅਧਾਰਤ ਹਿੰਸਾ) ਦੇ ਔਪ੍ਰੇਸ਼ਨਲ ਲੀਡ

Lynn Waddell, Equality Manager and Gender Based Violence Operational Lead

Lynn.waddell@nhs.net ਟੈਲੀਫੋਨ: 01324 614635

**ਤੁਹਾਡੀ ਮਦਦ ਲਈ ਧੰਨਵਾਦ**